ਟੁੱਟੀ ਮੰਜੀ ਵਾਣ ਪੁਰਾਣਾ, ਵਿੱਚ ਦੀ ਦਿਸਦੇ ਤਾਰੇ

ਬਲਵਿੰਦਰ ਸਿੰਘ ਚਾਹਲ 'ਮਾਧੋ ਝੰਡਾ'

ਹੁਣ ਤਾਂ ਸੌਣ ਲਈ ਪਲਾਈ ਦੇ ਬਣੇ ਹੋਏ ਬੈੱਡ ਜਾਂ ਲੋਹੇ ਦੇ ਮੰਜੇ ਬਣ ਗਏ ਹਨ ਪਰ ਕਿਸੇ ਵੇਲੇ ਵਾਣ ਦੇ ਮੰਜੇ ਅਤੇ ਨਵਾਰੀ ਪਲੰਘ ਹੋਇਆ ਕਰਦੇ ਸਨ। ਮੰਜੇ ਅਤੇ ਪਲੰਘ ਦੀ ਬਣਤਰ ਬੇਸ਼ੱਕ ਇੱਕੋ ਇੱਕੋ ਜਿਹੀ ਸੀ ਪਰ ਪਲੰਘ ਦਾ ਰੁਤਬਾ ਉੱਚਾ ਹੁੰਦਾ ਸੀ ਅਤੇ ਮੰਜਾ ਜਿਆਦਾ ਵਰਤੋਂ ਵਿੱਚ ਹੋਣ ਕਰਕੇ ਵੀ ਰੁਤਬੇ ਵਿੱਚ ਨੀਵਾਂ ਹੀ ਰਿਹਾ ਹੈ। ਕਿਸੇ ਆਏ ਗਏ ਤੇ ਪਲੰਘ ਨੂੰ ਤਰਜੀਹ ਦਿੱਤੀ ਜਾਂਦੀ ਸੀ ਜਦੋਂ ਕਿ ਘਰੇਲੂ ਕੰਮਾਂ ਕਾਰਾਂ ਜਾਂ ਵਰਤੋਂ ਲਈ ਮੰਜਾ ਹੀ ਪ੍ਰਧਾਨ ਸੀ। ਪਰ ਦਾਜ ਵਿੱਚ ਜਿਆਦਾਤਰ ਨਵਾਰੀ ਪਲੰਗ ਜਾਂ ਸੂਤੜੀ ਦੇ ਬੁਣੇ ਹੋਏ ਮੰਜਿਆਂ ਨੂੰ ਦਿੱਤਾ ਜਾਂਦਾ ਸੀ। ਵਾਣ ਦਾ ਮੰਜਾ ਸਿਰਫ਼ ਘਰੇਲੂ ਵਰਤੋਂ ਲਈ ਵਰਤਿਆ ਜਾਂਦਾ ਸੀ। ਸੋਹਣੇ ਬਣਾਏ ਹੋਏ ਸੂਤੜੀ ਦੇ ਮੰਜੇ ਜਾਂ ਪਲੰਘ ਆਮ ਤੌਰ ਤੇ ਘਰ ਦੀ ਬੈਠਕ ਵਿੱਚ ਡਾਹੇ ਜਾਂਦੇ ਸੀ ਜਿਸ ਨੂੰ ਆਏ ਗਏ ਪ੍ਰਾਹੁਣਿਆਂ ਲਈ ਵਰਤਿਆ ਜਾਂਦਾ ਸੀ। ਸੋਹਣੀ ਕਢਾਈਦਾਰ ਚਾਦਰ ਵਾਲਾ ਬਿਸਤਰਾ ਵਿਛਾ ਕੇ ਇਨਾਂ ਨੂੰ ਸਜਾਇਆ ਜਾਂਦਾ ਸੀ।

ਡਿਜ਼ਾਈਨਦਾਰ ਮੰਜਾ ਜਿਸ ਦੀ ਬੁਣਾਈ ਨਵਾਰ ਨਾਲ ਕੀਤੀ ਜਾਂਦੀ ਸੀ ਇਸ ਨੂੰ ਨਵਾਰੀ ਪਲੰਘ ਕਿਹਾ ਜਾਦਾ ਸੀ। ਪਲੰਘ ਦਾ ਇੱਕ ਹੋਰ ਵਾਧਾ ਇਹ ਹੁੰਦਾ ਸੀ ਇਸ ਨੂੰ ਲੱਕੜ ਦੇ ਫੱਟੇ ਦੀ ਢੋਅ ਲਾਈ ਹੁੰਦੀ ਸੀ, ਜੋ ਅੱਜ ਕੱਲ ਦੇ ਡਬਲ ਬੈੱਡਾਂ ਨੂੰ ਵੀ ਲਗਾਈ ਜਾਂਦੀ ਹੈ। ਮੰਜਾ ਜਿਸਨੂੰ ਵਾਣ ਨਾਲ ਉਣਿਆ ਜਾਦਾ ਸੀ। ਮੰਜਾ ਉਣਨ ਲਈ ਵਾਣ ਤੋਂ ਬਾਅਦ ਸਣ ਹੁੰਦੀ ਸੀ ਜੋ ਵਾਣ ਨਾਲੋਂ ਮੁਲਾਇਮ ਹੁੰਦੀ ਸੀ ਅਤੇ ਸਣ ਤੋਂ ਬਾਅਦ ਸੂਤੜੀ ਹੁੰਦੀ ਸੀ ਜਿਸ ਨੂੰ ਘਰ ਦੇ ਸੂਤ ਦੁਆਰਾ ਸੁਆਣੀਆਂ ਕੱਤ, ਵੱਟ ਕੇ ਤਿਆਰ ਕਰਿਆ ਕਰਦੀਆਂ ਸਨ। ਇਨਾਂ ਨੂੰ ਪਿੰਡ ਦੇ ਕਾਰੀਗਰ ਬੜੀ ਰੀਝ ਨਾਲ ਬਣਾਇਆ ਕਰਦੇ ਸਨ। ਲੱਕੜ ਦਾ ਮੰਜਾ ਜਿਸ ਦੀਆਂ ਬਾਹੀਆਂ ਤੇ ਸੇਰੂ ਟਾਹਲੀ, ਫਲਾਹ ਜਾਂ ਬੇਰੀ ਦੀ ਲੱਕੜ ਦੇ ਬਣਾਏ ਜਾਂਦੇ ਸਨ ਅਤੇ ਇਸ ਦੇ ਪਾਵੇ ਤੂਤ ਦੇ ਮੁੱਢ ਦੀ ਲੱਕੜ ਦੇ ਬਣਾਏ ਜਾਂਦੇ ਸਨ। ਜੋ ਕਿ ਮੀਂਹ ਧੁੱਪ ਜਾਂ ਠੰਡ ਵਿੱਚ ਪਾਟਦੇ ਨਹੀਂ ਸਨ ਅਤੇ ਘੁਣ ਵੀ ਨਹੀਂ ਸੀ ਲੱਗਦਾ। ਇਨਾਂ ਪਾਵਿਆਂ ਨੂੰ ਆਰੇ ਤੇ ਚਰਾਈ ਕਰਨ ਤੋਂ ਬਆਦ ਖਰਾਦ ਤੇ ਚਾੜ• ਕੇ ਖਰਾਦੇ ਜਾਂਦੇ ਸੀ ਅਤੇ ਪਾਵੇ ਦਾ ਰੂਪ ਹੀ ਬਦਲ ਕੇ ਰੱਖ ਦਿੱਤਾ ਜਾਂਦਾ ਸੀ ਤੇ ਇਸ ਉੱਪਰ ਹੱਥ ਨਾਲ ਨਕਾਸ਼ੀ ਵੀ ਕੀਤੀ ਜਾਂਦੀ ਸੀ। ਫਿਰ ਇਸ ਨੂੰ ਤਰਖਾਣ ਠੋਕਣ ਵੇਲੇ ਇਸ ਵਿੱਚ ਫਾ?ਲ ਆਦਿ ਲਾਉਣ ਤੋਂ ਗੁਰੇਜ਼ ਕਰਦਾ ਸੀ ਤਾਂ ਕਿ ਮੰਜੇ ਦੀਆਂ ਚੂਲਾਂ ਚੂੰ ਚਾਂ ਨਾ ਕਰਨ। ਪਰ ਜੇਕਰ ਬਾਹੀ ਜਾਂ ਸੇਰੂ ਥੋੜਾ ਜਿਹਾ ਢਿੱਲਾ ਹੋਵੇ ਤਾਂ ਇਸ ਨੂੰ ਫਾਲ ਠੋਕ ਕੇ ਹੀ ਫਿੱਟ ਕੀਤਾ ਜਾਂਦਾ ਸੀ। ਭਾਵ ਮੰਜੇ ਦਾ ਫਰੇਮ ਤਿਆਰ ਕੀਤਾ ਜਾਂਦਾ ਸੀ। ਮੰਜਾ ਉਣਨ ਵੇਲੇ ਪਹਿਲਾਂ ਇਸ ਦੀ ਦੰਦੀ ਬੰਨੀ ਜਾਦੀ ਸੀ ਤੇ ਇਸ ਨੂੰ ਵੱਟ ਦੇ ਕੇ ਇਸ ਵਿੱਚ ਡੰਡਾ ਫਸਾ ਦਿੱਤਾ ਜਾਂਦਾ ਸੀ ਤਾਂ ਕਿ ਇਸ ਦੀ ਦੰਦੀ ਖੁੱਲ ਨਾ ਸਕੇ। ਫਿਰ ਜੀ ਪਾ ਕੇ ਮੰਗਿਆਂ ਵਾਲਾ ਮੰਜਾ ਉਣਿਆ ਜਾਂਦਾ ਸੀ ਪਰ ਨਵਾਰੀ ਪਲੰਘ ਨੂੰ ਦੰਦੀ ਜਾਂ ਜੀਅ ਨਹੀਂ ਸੀ ਪਾਇਆ ਜਾਂਦਾ। ਸੂਤੜੀ ਦੇ ਮੰਜੇ ਨੂੰ ਵੀ ਜੀਅ ਨਹੀਂ ਸੀ ਪਾਇਆ ਜਾਂਦਾ ਕਿਉਂਕਿ ਇਹ ਕੁੰਡੀਆਂ ਤੇ ਹੱਥੇ ਨਾਲ ਉਣਿਆ ਜਾਂਦਾ ਸੀ, ਜਿਸ ਤਰਾਂ ਦਰੀ ਉਣੀ ਜਾਂਦੀ ਸੀ। ਦੰਦੀ ਨਾਲ ਦੌਣ(ਪੈਂਦ) ਪਾਕੇ ਮੰਜੇ ਨੂੰ ਕੱਸਿਆ ਜਾਂਦਾ ਸੀ। ਸੂਤੜੀ ਦੇ ਮੰਜੇ ਨੂੰ ਉਣਦੇ ਸਮੇਂ ਇਸ ਵਿੱਚ ਕਈ ਪ੍ਰਕਾਰ ਦੇ ਫੁੱਲ ਬੂਟੇ ਆਦਿ ਪਾਏ ਜਾਦੇ ਸਨ ਅਤੇ ਸੂਤੜੀ ਨੂੰ ਕਈ ਪ੍ਰਕਾਰ ਦੇ ਰੰਗਾਂ ਨਾਲ ਰੰਗਿਆਂ ਜਾਂਦਾ ਸੀ। ਜਿਸ ਨਾਲ ਸੂਤੜੀ ਰੰਗਦੇ ਸਮੇਂ ਸਾਰਾ ਘਰ ਰੰਗਲੀ ਸੂਤੜੀ ਨਾਲ ਭਰ ਜਾਂਦਾ ਸੀ।

ਮੰਜਾ ਪੰਜਾਬੀ ਸਭਿਆਚਾਰ ਦੇ ਬੜਾ ਨਜ਼ਦੀਕ ਹੋਇਆ ਕਰਦਾ ਸੀ। ਜਿਸ ਦੀਆਂ ਕਈ ਉਦਾਹਰਨਾਂ ਹਨ ਜਿਵੇਂ ਕਿ ਬੱਚੇ ਰਾਤ ਨੂੰ ਸੌਣ ਵੇਲੇ ਆਪਣੀ ਦਾਦੀ ਜਾਂ ਨਾਨੀ ਦੇ ਮੰਜੇ ਨਾਲ ਮੰਜਾ ਜੋੜ ਕੇ ਸੌਂਇਆਂ ਕਰਦੇ ਸਨ ਤਾਂ ਕੇ ਉਹ ਉਹਨਾਂ ਕੋਲੋਂ ਬਾਤਾਂ ਸੁਣ ਸਕਣ। ਕੁਝ ਸਾਲ ਪਹਿਲਾਂ ਜਦੋਂ ਕਿਸੇ ਦੇ ਘਰ ਵਿਆਹ ਸ਼ਾਦੀ ਹੋਣਾ ਤਾਂ ਘਰ ਦੇ ਕੋਠੇ ਦੀ ਛੱਤ ਉੱਤੇ ਦੋ ਮੰਜੇ ਜੋੜ ਕੇ ਸਪੀਕਰ ਲਾਇਆ ਜਾਂਦਾ ਸੀ ਜੋ ਕਿ ਵਿਆਹ ਤੋਂ ਕੁਝ ਦਿਨ ਪਹਿਲਾਂ ਲਗਾ ਦਿੱਤਾ ਜਾਂਦਾ ਸੀ ਅਤੇ ਵਿਆਹ ਤੋਂ ਕੁਝ ਦਿਨ ਬਾਅਦ ਲਾਹਿਆ ਜਾਂਦਾ ਸੀ। ਵਿਆਹ ਸ਼ਾਦੀਆਂ ਦੇ ਮੌਕੇ ਵਾਣ ਵਾਲੇ ਮੰਜੇ ਉੱਤੇ ਆਲੂ ਤੇ ਅਦਰਕ ਛਿੱਲੇ ਜਾਂਦੇ ਸਨ ਜੋ ਅੱਜ ਦੀ ਪੀੜੀ ਲਈ ਇੱਕ ਬਾਤ ਤੋਂ ਵੱਧ ਕੁਝ ਨਹੀਂ। ਪਿੰਡ ਵਿੱਚ ਜਦੋਂ ਕਿਸੇ ਦੇ ਵਿਆਹ ਹੋਣਾ ਤਾਂ ਸਾਰੇ ਆਂਡ ਗੁਆਂਢ ਵਿੱਚੋਂ ਅਤੇ ਹੋਰ ਘਰਾਂ ਵਿੱਚੋਂ ਮੰਜੇ ਬਿਸਤਰੇ ਇੱਕੱਠੇ ਕੀਤੇ ਜਾਂਦੇ ਸਨ। ਬਿਸਤਰੇ ਉੱਪਰ ਨੰਬਰ ਪਾਕੇ ਅਤੇ ਮੰਜੇ ਤੇ ਵੀ ਨੰਬਰ ਪਾਇਆ ਜਾਂਦਾ ਸੀ। ਕਈ ਲੋਕ ਡਰਦੇ ਮੰਜਾ ਨਹੀਂ ਸੀ ਦੇਂਦੇ ਹੁੰਦੇ ਕਿਉਂਕਿ ਆਇਆ ਮੇਲ ਮੰਜਿਆਂ ਦੀਆਂ ਬਾਹੀਆਂ ਤੋੜ ਦਿਆ ਕਰਦਾ ਸੀ। ਹੁਣ ਨਾ ਤਾਂ ਰਿਵਾਜ ਹੈ ਮੰਜੇ ਇਕੱਠੇ ਕਰਨ ਦਾ ਨਾ ਹੀ ਕੋਈ ਚਾਰ ਚਾਰ ਦਿਨ ਮੇਲ ਬਣ ਕੇ ਰਹਿੰਦਾ ਹੈ। ਲੋਕ ਪੈਲੇਸਾਂ ਵਿੱਚ ਹੀ ਵਿਆਹ ਜਾਂਦੇ ਨੇ ਉੱਥੋਂ ਹੀ ਘਰ ਨੂੰ ਵਾਪਸ ਆ ਜਾਂਦੇ ਨੇ। ਨਾਨਕਾ ਮੇਲ ਨੇ ਕਈ ਕਈ ਦਿਨ ਵਿਆਹ ਵਾਲੇ ਘਰੇ ਰਹਿਣਾ। ਪਹਿਲੇ ਸਮਿਆਂ ਦੇ ਵਿਆਹਾਂ ਵਿੱਚ ਸਾਰਾ ਸ਼ਰੀਕਾ ਮਿਲਕੇ ਵਿਆਹ ਦੇ ਕਾਰਜ ਕਰਦਾ ਸੀ ਤੇ ਹੁਣ ਤਾਂ ਟੱਬਰ ਦੇ ਜੀਅ ਨੀ ਮਿਲ ਕੇ ਚਲਦੇ ਸ਼ਰੀਕਾ ਤਾਂ ਬੜੀ ਦੂਰ ਦੀ ਗੱਲ ਹੈ। ਸਾਰਾ ਕੁਝ ਈ ਭੱਜ ਦੌੜ ਵਿੱਚ ਹੋ ਜਾਂਦਾ ਹੈ ਵਿਆਹ ਵਾਲਿਆਂ ਨੂੰ ਨੀ ਪਤਾ ਚੱਲਦਾ ਕਿ ਵਿਆਹ ਕਦੋਂ ਹੋ ਗਿਆ।

ਜਦੋਂ ਵਿਆਂਦੜ ਮੁਕਲਾਵਾ ਲੈਣ ਜਾਇਆ ਕਰਦਾ ਸੀ ਤਾਂ ਉਸਦੀਆਂ ਸਾਲੀਆਂ ਤੇ ਸਾਲੇਹਾਰਾਂ ਟੁੱਟੇ ਹੋਏ ਮੰਜੇ ਤੇ ਸੋਹਣਾ ਨਵਾਂ ਨਕੋਰ ਬਿਸਤਰਾ ਵਿਛਾ ਕੇ ਜੀਜੇ ਨੂੰ ਬਿਠਾ ਕੇ ਉਸਦਾ ਮਜ਼ਾਕ ਉਡਾਇਆ ਕਰਦੀਆਂ ਸਨ ਤੇ ਕਈ ਵਾਰ ਵਿਆਂਦੜ ਵਿਚਾਰਾ ਥੋੜਾ ਭੋਲਾ ਹੋਣ ਕਰਕੇ ਟੁੱਟੇ ਮੰਜੇ ਤੇ ਬਹਿਣ ਕਰਕੇ ਡਿੱਗ ਪਿਆ ਕਰਦਾ ਸੀ ਤੇ ਸਾਲੀਆਂ ਵਲੋਂ ਉਸਦੀ ਖਿੱਲੀ ਉਡਾਈ ਜਾਂਦੀ ਸੀ।

ਮੰਜਾ ਗਰਮੀਆਂ ਦੇ ਦਿਨਾਂ ਵਿੱਚ ਪਿੱਪਲਾਂ, ਬੋਹੜਾਂ ਆਦਿ ਦੀ ਛਾਂਵੇ ਵੀ ਬੜੇ ਸ਼ੌਕ ਨਾਲ ਡਾਹਿਆ ਜਾਂਦਾ ਸੀ ਅਤੇ ਮੰਜੇ ਤੇ ਬਹਿ ਕੇ ਕੋਈ ਤਾਸ਼ ਖੇਡਦਾ ਸੀ, ਕੋਈ ਪਤਲਾ ਕੱਪੜਾ ਲੈ ਕੇ ਸੌਂ ਜਾਂਦਾ ਸੀ। ਕਈ ਲੋਕ ਵਾਣ ਵਾਲੇ ਮੰਜੇ ਤੇ ਆਪਣਾ ਨੰਗਾ ਪਿੰਡਾ ਰਗੜ ਰਗੜ ਕੇ ਪਿੱਤ ਨੂੰ ਮਾਰਿਆ ਕਰਦੇ ਸਨ। ਕਈਆਂ ਦੇ ਚੁੱਲੇ ਧੁੱਪੇ ਹੁੰਦੇ ਸਨ ਤੇ ਉਹ ਮੰਜੇ ਨੂੰ ਡੰਡੇ ਨਾਲ ਖੜਾ ਕਰਕੇ ਮੰਜੇ ਦੀ ਛਾਂ ਵਿੱਚ ਦੁਪਿਹਰ ਦਾ ਰੋਟੀ ਟੁੱਕ ਕਰਿਆ ਕਰਦੀਆਂ ਸਨ। ਮੰਜੇ ਤੇ ਹੀ ਵੜੀਆਂ ਆਦਿ ਸੁਕਾਈਆਂ ਜਾਂਦੀਆਂ ਸਨ ਅਤੇ ਕਣਕ ਨੂੰ ਵੀ ਪੀਸਣ ਤੋਂ ਪਹਿਲਾਂ ਮੰਜੇ ਤੇ ਚਾਦਰ ਵਿਛਾ ਕੇ ਸਕਾਇਆ ਜਾਦਾ ਸੀ। ਕਈ ਵਾਰ ਗੁੜ ਕੱਢਦੇ ਸਮੇਂ ਹਵਾ ਨੂੰ ਡੱਕ ਦੇਣ ਲਈ ਵੀ ਮੰਜੇ ਨੂੰ ਖੜਾ ਕੀਤਾ ਜਾਂਦਾ ਸੀ ਤੇ ਚੁੰਬੇ ਦੀ ਅੱਗ ਹਵਾ ਤੋਂ ਬਚਾਈ ਜਾਂਦੀ ਸੀ। ਕਈ ਵਾਰ ਖੇਤਾਂ ਵਿੱਚ ਫਸਲ ਆਦਿ ਦੀ ਰਾਖੀ ਲਈ ਚਾਰ ਲੱਕੜਾਂ ਗੱਡ ਕੇ ਉੱਚੇ ਥਾਂ ਤੇ ਮੰਜਾ ਟਿਕਾਇਆ ਜਾਂਦਾ ਸੀ ਅਤੇ ਉੱਥੇ ਸੌਣ ਦਾ ਪ੍ਰਬੰਧ ਕੀਤਾ ਜਾਦਾ ਸੀ। ਮੰਜੇ ਦੀ ਬਾਹੀ ਨਾਲ ਸੇਵੀਆਂ ਵੱਟਣ ਵਾਲੀ ਘੋੜੀ (ਕਈ ਲੋਕ ਇਸ ਨੂੰ ਸੇਵੀਆਂ ਵੱਟਣ ਵਾਲੀ ਜੰਦੀ ਵੀ ਆਖਦੇ ਨੇ) ਫਿੱਟ ਕਰਕੇ ਸੇਵੀਆਂ ਵੱਟੀਆਂ ਜਾਂਦੀਆਂ ਸਨ। ਘੋੜੀ ਗੇੜਨ ਵਾਲਾ ਮੰਜੇ ਤੇ ਬੈਠਦਾ ਸੀ ਅਤੇ ਘੋੜੀ ਦੇ ਮੂੰਹ ਵਿੱਚ ਆਟੇ ਦੀਆਂ ਮੁਠੰਨੀਆਂ ਦੇਣ ਵਾਲਾ ਮੰਜੇ ਤੋਂ ਥੱਲੇ ਬੈਠਿਆ ਕਰਦਾ ਸੀ ਤੇ ਸੇਵੀਆਂ ਨੂੰ ਸਕਾਉਣ ਲਈ ਵੀ ਮੰਜਾ ਹੀ ਵਰਤਦੇ ਸਨ ਜੋ ਕਿ ਤਿੰਨ ਚਾਰ ਮੰਜਿਆਂ ਨੂੰ ਪੁੱਠਾ ਕਰਕੇ ਇਨਾਂ ਦੇ ਪਾਵਿਆਂ ਨਾਲ ਰੱਸੀਆਂ ਦਾ ਵਿਰਲਾ ਜਿਹਾ ਤਾਣਾ ਤਣ ਕੇ ਸੇਵੀਆਂ ਖਿਲਾਰੀਆਂ ਜਾਂਦੀਆਂ ਸਨ ਅਤੇ ਚੰਗੀ ਧੁੱਪ ਨਾਲ ਸੇਵੀਆਂ ਬੜੀ ਜਲਦੀ ਸੁੱਕ ਜਾਂਦੀਆਂ ਸਨ।

ਅੱਜ ਮੰਜੇ ਦੀ ਵਰਤੋਂ ਬਹੁਤ ਘਟ ਗਈ ਹੈ ਪਰ ਅਜੇ ਵੀ ਮਧ ਵਰਗੀ ਜਾਂ ਗਰੀਬ ਪਰਿਵਾਰਾਂ ਲਈ ਮੰਜਾ ਕਿਸੇ ਰਾਜ ਸਿੰਘਾਸਨ ਤੋਂ ਘੱਟ ਨਹੀਂ ਹੈ। ਲੋਕ ਅੱਜ ਵੀ ਮੰਜੇ ਉਣਦੇ ਹਨ ਅਤੇ ਇਸ ਨੂੰ ਆਪਣੀ ਵਰਤੋਂ ਵਿੱਚ ਲਿਆਉਂਦੇ ਹਨ ਪਰ ਬਹੁਤੇ ਲੋਕਾਂ ਕੋਲ ਹੁਣ ਪਹਿਲਾਂ ਵਾਂਗ ਮੰਜਿਆਂ ਤੇ ਬਹਿਣ ਦਾ ਸਮਾਂ ਨਹੀਂ ਹੈ ਇਸ ਕਰਕੇ ਮੰਜਾ ਵੀ ਹੁਣ ਵਿਸਰਦੇ ਵਿਰਸੇ ਦਾ ਹਿੱਸਾ ਬਣਦਾ ਜਾ ਰਿਹਾ ਹੈ। ਮੰਜੇ ਦਾ ਸਾਡੇ ਗੀਤਾਂ ਬੋਲੀਆਂ ਤੇ ਬਾਤਾਂ ਵਿੱਚ ਸਥਾਨ ਅੱਜ ਵੀ ਬਰਕਰਾਰ ਹੈ। ਗੁਰਦਾਸ ਮਾਨ ਆਪਣੇ ਇਸ ਗੀਤ ਵਿੱਚ ਮੰਜੇ ਬਾਰੇ ਬਹੁਤ ਸੋਹਣੀ ਗਲ ਆਖਦਾ ਹੈ ਜਿਸ ਨੂੰ ਮੱਖਣ ਬਰਾੜ ਨੇ ਕਲਮ ਬਧ ਕੀਤਾ ਹੈ ਅਤੇ ਦਸਿਆ ਹੈ ਕਿ ਮੂਲੀ ਤੇ ਗੰਢੇ ਨਾਲ ਦਾਰੂ ਦਾ ਪੈੱਗ ਲਗਾ ਰਿਹਾ ਜੱਟ ਵਾਣ ਵਾਲੇ ਮੰਜੇ ਤੇ ਕਿਸੇ ਨਵਾਬ ਨਾਲੋਂ ਘੱਟ ਨਹੀਂ ਹੈ। ਉਸਦੀ ਟੌਹਰ ਵੱਖਰੇ ਅੰਦਾਜ ਨੂੰ ਪੇਸ਼ ਕਰਦੀ ਹੈ।

ਮੂਲੀ ਨਾਲ ਗੰਢਾ ਹੋਵੇ ਵਾਣ ਵਾਲਾ ਮੰਜਾ ਹੋਵੇ,
ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ।
ਆਪਣਾ ਪੰਜਾਬ ....

ਕਿਸੇ ਭੈਣ ਦਾ ਭਰਾ ਉਸਨੂੰ ਮਿਲਣ ਲਈ ਜਦੋਂ ਉਹਦੇ ਸਹੁਰੇ ਘਰ ਜਾਂਦਾ ਹੈ ਤਾਂ ਭੈਣ ਵਿਚਾਰੀ ਆਪਣੇ ਵੀਰ ਆਪਣੇ ਕੋਲ ਮੰਜੀ ਤੇ ਬਿਠਾਉਂਦੀ ਹੋਈ ਉਸਨੂੰ ਆਖਦੀ ਹੈ ਕਿ ਮੇਰੇ ਤੂੰ ਇੱਥੇ ਬੈਠ ਮੈਂ ਤੈਨੂੰ ਆਪਣੀ ਚੰਦਰੀ ਸੱਸ ਦੇ ਬੋਲੇ ਹੋਏ ਬੋਲ ਕੁਬੋਲ ਸੁਣਾਉਂਦੀ ਹਾਂ ਜਿਹੜੇ ਮਹਿਣੇ ਉਹ ਨਿੱਤ ਮੈਨੂੰ ਮਾਰਦੀ ਰਹਿੰਦੀ ਹੈ।

ਸੱਸ ਚੰਦਰੀ ਦੇ ਬੋਲ ਸੁਣਾਵਾ, ਪੀੜੀ ਉੱਤੇ ਬਹਿ ਜਾ ਵੀਰਨਾ।

ਕੋਈ ਮੁਟਿਆਰ ਆਪਣੇ ਸਾਥੀ ਦੀ ਉਢੀਕ ਕਰਦੀ ਹੋਈ ਉਸਨੂੰ ਵਾਸਤਾ ਪਾਉਂਦੀ ਹੈ ਕਿ ਮੈਂ ਤੇਰਾ ਮੁੱਖੜਾ ਦੇਖਣ ਲਈ ਗਲੀ ਵਿੱਚ ਮੰਜਾ ਡਾਹ ਕੇ ਕਢਾਈ ਕਰਨ ਬਹਾਨੇ ਬੈਠੀ ਰਹਿੰਦੀ ਹਾਂ ਪਰ ਤੂੰ ਫਿਰ ਵੀ ਨਹੀਂ ਆਉਂਦਾ-

ਮੈਂ ਬੈਠੀ ਰਹਿੰਦੀ ਗਲੀ 'ਚ ਮੰਜਾ ਡਾਹ ਕੇ ...।

ਕੋਈ ਮੁਟਿਆਰ ਆਪਣੇ ਭੋਲੇ ਭਾਲੇ ਮਾਹੀ ਨੂੰ ਉਸ ਨਾਲ ਹੋ ਰਹੀ ਵਧੀਕੀ ਬਾਰੇ ਜਾਣਕਾਰ ਕਰਵਾਉਂਦੀ ਹੈ ਕਿ ਉਸਨੂੰ ਵੀ ਆਪਣੀ ਸਾਥਣ ਦੇ ਨਾਲ ਸੌਣਾ ਚਾਹੀਦਾ ਹੈ ਨਾ ਕਿ ਘਰ ਦੇ ਦਰ ਲਾਗੇ ਮੰਜੀ ਡਾਹ ਕੇ ਇਕੱਲਾ ਹੀ ਸੌਂਵੇ ਸਗੋਂ ਉਸਨੂੰ ਵੀ ਜੇਠ ਜਠਾਣੀ ਵਾਂਗ ਅੰਦਰ ਸੌਣਾ ਚਾਹੀਦਾ ਹੈ ਜਿਵੇਂ ਦੋਵੇਂ ਅੰਦਰ ਵੜ ਕੇ ਸੌਂਦੇ ਹਨ:-

ਜੇਠ ਜਠਾਣੀ ਅੰਦਰ ਸੌਂਦੇ, ਤੇਰਾ ਮੰਜਾ ਦਰ ਵੇ,
ਕੀ ਲੋਹੜਾ ਕੀ ਲੋਹੜਾ ਪੈ ਗਿਆ ਘਰ ਵੇ੬

ਪਰਿਆ (ਪੰਚਾਇਤ) ਵਿੱਚ ਜਦੋਂ ਸਾਰੇ ਇੱਕ ਹੀ ਬੰਦੇ ਨੂੰ ਦੋਸ਼ੀ ਦਿਖਾਉਂਦੇ ਹਨ ਤਾਂ ਉਹ ਬੰਦਾ ਖਿਝ ਕੇ ਸਾਰਿਆਂ ਨੂੰ ਇੰਝ ਆਖਦਾ ਹੈ ਕਿ :-

ਆਪਣੀ ਪੀੜੀ ਥੱਲੇ ਨੀ ਸੋਟਾ ਲਾਉਣਾ,

ਰਸਤਾ ਮੁੱਕਦਾ ਨਹੀਂ

ਲੇਖਿਕਾ- ਮੀਨੂ ਸੁਖਮਨ
ਮੁੱਲ - 150/- ਰੁਪਏ
ਪੰਨੇ - 104
ਪ੍ਰਕਾਸ਼ਕ - ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ



"ਰਸਤਾ ਮੁੱਕਦਾ ਨਹੀਂ" ਪੁਸਤਕ ਪੰਜਾਬੀ ਤੇ ਹਿੰਦੀ ਦੀ ਨਾਮਵਰ ਕਹਾਣੀਕਾਰਾ ਤੇ ਕਵਿੱਤਰੀ, ਹਸੂ-ਹਸੂ ਕਰਦੇ ਚਿਹਰੇ ਵਾਲੀ ਖ਼ੂਬਸੂਰਤ ਮੁਟਿਆਰ ਮੀਨੂ ਸੁਖਮਨ ਦੀ ਪਲੇਠੀ ਪੰਜਾਬੀ ਕਾਵਿ-ਪੁਸਤਕ ਹੈ। ਇਸ ਤੋਂ ਪਹਿਲੇ ਇਹ ਮੁਟਿਆਰ ਕਵਿੱਤਰੀ "ਸੁਖਮਨ ਦੀ ਤਰਹ" ਨਾਲ ਹਿੰਦੀ ਸਾਹਿਤ-ਜਗਤ ਵਿੱਚ ਦਸਤਕ ਦੇ ਚੁੱਕੀ ਹੈ। ਹੱਥਲੀ ਪੁਸਤਕ ਉਸ ਨੇ ਸਮੇਂ ਤੋਂ ਪਹਿਲੇ ਹੀ 25 ਜਨਵਰੀ, 09 ਨੂੰ ਸੰਸਾਰ ਨੂੰ ਅਲਵਿਦਾ ਆਖ ਗਏ ਅੱਧ-ਖਿੜੇ ਫੁੱਲ, ਯਾਨੀ ਆਪਣੇ ਜਿਗਰ ਦੇ ਟੋਟੇ 'ਅਰਪਿਤ ਸਿੰਘ' ਨੂੰ ਸਮਰਪਿਤ ਕੀਤੀ ਹੈ। ਕਵਿੱਤਰੀ ਨੇ ਜਿਥੇ ਪੁਸਤਕ ਦੇ ਅਖੀਰ ਵਿੱਚ 'ਅੱਧ-ਖਿੜੇ ਫੁੱਲ' ਕਵਿਤਾ 'ਅਰਪਿਤਾ' ਨੂੰ ਸਮਰਪਣ ਕੀਤੀ ਹੈ, ਉਥੇ ਸ਼ੁਰੂਆਤ ਵਿੱਚ ਟਾਈਟਲ ਦੇ ਅੰਦਰਲੇ ਪਾਸੇ ਵੀ ਇਸੇ ਕਵਿਤਾ 'ਚੋਂ ਚਾਰ ਸਤਰਾਂ ਅੰਕਿਤ ਕੀਤੀਆਂ ਹਨ। ਇਥੇ ਹੀ ਬੱਸ ਨਹੀਂ ਪੁਸਤਕ ਦੇ ਅੰਦਰ ਵੀ, 'ਦਿੱਲ ਦਾ ਦਰਦ', 'ਤੇਰੀ ਯਾਦ', 'ਗੁੱਡੀ ਅਤੇ ਰਿਸ਼ਤੇ', 'ਪਿਛਲਾਪਨ' ਤੇ 'ਰਸਤਾ ਮੁੱਕਦਾ ਨਹੀਂ' ਆਦਿ ਬਹੁਤ ਸਾਰੀਆਂ ਰਚਨਾਵਾਂ ਵਿੱਚ ਵਿਛੋੜੇ ਦਾ ਭਰਿਆ ਦਰਦ ਦਿਲ ਨੂੰ ਮੱਲੋ-ਮੱਲੀ ਧੂਹ ਜਿਹੀ ਪਾਉਂਦਾਹੈ। ਕਈ ਕਵਿਤਾਵਾਂ ਵਿੱਚੋਂ ਪਿਆਰ-ਮੁੱਹੱਬਤ ਵਿੱਚ ਧੋਖਾ ਦੇ ਗਏ ਸੱਜਣਾ ਦੀ ਬੇਵਫਾਈ, ਸੱਜਣਾਂ ਨੂੰ ਮਿਲਣ ਦੀ ਤਾਂਘ ਅਤੇ ਬਿਰਹਾ ਦੇ ਦਰਦ ਦੀ ਝਲਕ ਵੀ ਮਿਲਦੀ ਹੈ। ਕਿਸੇ ਹੱਦ ਤੱਕ ਤਾਂ ਇਹ ਵਲਵਲੇ ਕਿਸੇ ਧੜਕਦੇ ਦਿਲ ਵਾਸਤੇ ਕੁਝ ਕੁ ਰਚਨਾਵਾਂ ਵਿੱਚ ਠੀਕ ਵੀ ਹੋ ਸਕਦੇ ਹਨ: ਪਰ, ਸਾਰੇ ਦੇ ਸਾਰੇ ਨਹੀਂ: ਕਿਉਂਕਿ ਕਵਿੱਤਰੀ ਦਾ ਬਿਆਨ ਕਰਨ ਦਾ ਢੰਗ ਤਰੀਕਾ ਹੀ ਐਸਾ ਹੈ।... ਜ਼ਿਆਦਾ-ਤਰ ਵਲਵਲੇ ਤਾਂ ਵਿਛੜ ਗਏ ਜਿਗਰ ਦੇ ਟੋਟੇ 'ਅਰਪਿਤਾ' ਨੂੰ ਹੀ ਸਮਰਪਿਤ ਹਨ।... ਇਸ ਤੋਂ ਇਲਵਾ ਦੇਸ਼-ਪਿਆਰ, ਭਰੂਣ-ਹੱਤਿਆ, ਭ੍ਰਿਸ਼ਟਾਚਾਰ, ਅਤੇ ਪੰਜਾਬ ਆਦਿ ਵਿਸ਼ਿਆਂ ਬਾਰੇ ਵੀ ਵਧੀਆ ਕਲਮ-ਅਜਮਾਈ ਕੀਤੀ ਹੈ, ਕਵਿੱਤਰੀ ਨੇ।

ਪੁਸਤਕ ਵਿੱਚ ਕਿਹੜੀ ਕਵਿਤਾ ਸਰਵੋਤਮ ਕਵਿਤਾ ਹੈ, ਬਾਰੇ ਮੇਰੇ ਲਈ ਫੈਸਲਾ ਕਰਨਾ ਕਠਿਨ ਜਾਪ ਰਿਹਾ ਹੈ: ਕਿਉਂਕਿ ਹਰ ਰਚਨਾ ਇਕ ਤੋਂ ਇਕ ਵੱਧ ਕੇ ਮਨ ਨੂੰ ਟੁੰਬਦੀ ਹੈ।... ਇਹ ਕਹਿ ਲੈਣ 'ਚ ਵੀ ਕੋਈ ਅਤਿ-ਕਥਨੀ ਨਹੀਂ, ਜੇਕਰ 'ਰਸਤਾ ਮੁੱਕਦਾ ਨਹੀਂ' ਨੂੰ ਦੂਜੇ ਸ਼ਬਦਾਂ ਵਿੱਚ, 'ਵਲਵਲੇ ਮੁੱਕਦੇ ਨਹੀਂ' ਆਖ ਲਿਆ ਜਾਵੇ: ਕਿਉਂਕਿ ਸੁਖਮਨ ਕੋਲ ਵਧੀਆ ਸ਼ਬਦਾਵਲੀ ਦਾ ਭੰਡਾਰ ਵੀ ਹੈ ਤੇ ਦਿਲ ਨੂੰ ਧੂਹ ਪਾਉਂਦੇ ਵਲਵਲਿਆਂ ਦਾ ਵੀ। ਫਿਰ, ਅੱਗੋਂ ਉਸ ਨੂੰ ਤਰਤੀਬ ਦੇ ਕੇ ਸਜਾਉਣ ਦੀ ਉਸਤਾਦਾਂ ਵਰਗੀ ਜਾਂਚ ਵੀ ਹੈ, ਉਸ ਨੂੰ।

ਬਿਰਹਾ-ਰਸ, ਕਰੁਣਾ-ਰਸ ਤੇ ਸ਼ਿੰਗਾਰ-ਰਸ ਆਦਿ ਰਸਾਂ ਨਾਲ ਭਰਪੂਰ ਪੁਸਤਕ 'ਰਸਤਾ ਮੁੱਕਦਾ ਨਹੀਂ' ਪੰਜਾਬੀ ਕਾਵਿ-ਜਗਤ ਦੀ ਝੋਲੀ ਪਾਉਣ ਲਈ ਸੁਖਮਨ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਹਾਰਦਿਕ ਮੁਰਾਬਿਰਕ! ਕਲਮ ਦੇ ਨਿਰੰਤਰ ਵਗਦੇ ਰਹਿਣ ਲਈ ਢੇਰ ਸਾਰੀਆਂ ਦੁਆਵਾਂ! ਇਹੋ ਜਿਹੀਆਂ ਸਾਂਭਣਯੋਗ ਕਿਰਤਾਂ ਨਾਲ ਪੰਜਾਬੀ ਮਾਂ-ਬੋਲੀ ਦਾ ਖਜਾਨਾ ਮਾਲੋ-ਮਾਲ ਕਰਦੇ ਰਹਿਣ ਦੀਆਂ ਆਸਾਂ, ਉਮੀਦਾਂ ਤੇ ਸ਼ੁਭ ਕਾਮਨਾਵਾਂ ਵੀ।

ਪ੍ਰੀਤਮ ਲੁਧਿਆਣਵੀ- 98764-28641

ਪੰਜਾਬੀ ਸੱਭਿਆਚਾਰ ਨੂੰ ਸਮਰਪਿਤ... **ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ**

ਕੀ ਤੁਹਾਨੂੰ ਪਤਾ ਹੈ ?

ਸਾਡਾ ਪੰਜਾਬੀ ਵਿਰਸਾ

005

1. ਦੁੱਧ ਰਿੜਕਣ ਵਾਲਾ ਰੱਸੇ ਨੂੰ ਨੇਤਰਾ ਕਹਿੰਦੇ ਹਨ।
2. ਆਮ ਤੌਰ ਤੇ ਘੋਟਨਾ ਨਿੰਮ ਦੀ ਲੱਕੜ ਦਾ ਬਣਾਇਆ ਜਾਂਦਾ ਹੈ।
3. ਘਰਾਟ' ਉਸ ਆਟਾ ਚੱਕੀ ਨੂੰ ਕਿਹਾ ਜਾਂਦਾ ਹੈ ਜੋ ਨਹਿਰ ਦੇ ਪਾਣੀ ਨਾਲ ਚੱਲਦੀ ਹੈ।
4. 'ਘੜੋਲੀ' ਉਸ ਭਾਡੇ ਨੂੰ ਕਹਿੰਦੇ ਸਨ ਜਿਸ ਵਿੱਚ ਘਰ ਵਰਤਨ ਵਾਲਾ ਪਾਣੀ ਇਕੱਠਾ ਕਰਕੇ ਰੱਖਿਆ ਜਾਦਾ ਸੀ।
5. ਲੱਸੀ ਰਿੜਕਣ ਵਾਲੇ ਬਰਤਨ ਨੂੰ ਚਟੂਰਾ ਕਹਿੰਦੇ ਹਨ।

ਸਾਡੇ ਇਸ ਕਾਲਮ ਪ੍ਰਤੀ ਕਿਸੇ ਵੀ ਤਰ੍ਹਾ ਦੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ:

E-mail: mehakwattandi@rediffmail.com, Help Line: (+91)-9988-92-9988

ਬੱਚਿਆ ਦੁਆਰਾ ਬਣਾਇਆ ਗਈਆਂ ਪੇਟਿੰਗ


ਬੱਚਿਓ ! ਬਿੰਦੂ ਮਿਲਾਓ ਤੇ ਦੇਖੋ ਕੀ ਬਣਦਾ ਹੈ।

Birthday party
ਪੇਟਿੰਗ: ਹਰਕਮਲਪ੍ਰੀਤ ਕੌਰ ਬੇਦੀ





ਪਿਆਰੇ ਬੱਚਿਓ! ਉਪਰ ਦਿੱਤੀ ਗਈ ਤਸਵੀਰ ਵਿੱਚ ਕੁਝ ਸ਼ੇਰ ਦਿਖਾਈ ਦੇ ਰਹੇ ਹਨ, ਕੀ ਤੁਸੀ ਗਿਣ ਸਕਦੇ ਹੋ ਕਿ ਤਸਵੀਰ ਵਿੱਚ ਕੁੱਲ ਕਿੰਨੇ ਸ਼ੇਰ ਦਿਸ ਰਹੇ ਹਨ ?



ਨੋਟ: ਜੇਕਰ ਉਤਰ ਸਮਝ ਨਾ ਆਵੇ ਤਾਂ ਇਸ ਤਸਵੀਰ ਨੂੰ ਸਿੱਧੀ ਕਰਕੇ ਦੇਖੋ। ਤੁਹਾਨੂੰ ਉਤਰ ਮਿਲ ਜਾਵੇਗਾ।

ਪੇਸ਼ਕਸ਼:
ਕਿਰਨਦੀਪ ਕੌਰ 'ਗੋਲਡੀ'

ਪਿਆਰੇ ਬੱਚਿਓ ! ਦੱਸੋ ਹੇਠ ਦਿੱਤੇ ਹਾਥੀਆਂ 'ਚੋ ਕਿਹੜਾ ਹਾਥੀ ਬਾਕੀਆ ਨਾਲੋ ਭਿੰਨ ਹੈ ?



-ਭਾਗਵੰਤੀ ਪੁਰਬਾ

ਪੀ-ਐਚ ਸਕੇਲ ਦੱਸਦੀ ਹੈ ਕਿਹੜਾ ਘੋਲ ਖਾਰਾ ਹੈ ਜਾਂ ਤੇਜ਼ਾਬ

ਜਸਪਾਲ ਸਿੰਘ ਲੋਹਾਮ

ਪਿਆਰੇ ਬੱਚਿਓ! ਪੀ-ਐਚ ਸਕੇਲ ਇਕ ਆਮ ਸਕੇਲ ਦੀ ਤਰ੍ਹਾਂ ਨਹੀਂ ਇਹ ਇੱਕ ਪੀ-ਐਚ ਪੇਪਰ ਇੱਕ ਛੋਟੀ ਜਿਹੀ ਸਲਿੱਪ ਹੁੰਦੀ ਹੈ ਅਤੇ ਇੱਕ ਬਹੁਤ ਹੀ ਛੋਟੀ ਜਿਹੀ ਬੁੱਕਲਿਟ ਦੀ ਤਰ੍ਹਾਂ ਹੁੰਦੀ ਹੈ ਅਤੇ ਇਸਦੇ ਕਵਰ 'ਤੇ ਵੱਖ ਵੱਖ ਰੰਗਾਂ ਦਾ ਚਾਰਟ ਹੁੰਦਾ ਹੈ ਜਿਸ ਨਾਲ ਰੰਗਾਂ ਤੋਂ ਪੀ-ਐਚ ਕੀਮਤ ਪਤਾ ਕੀਤੀ ਜਾਂਦੀ ਹੈ। ਕਿਸੇ ਵੀ ਘੋਲ ਦਾ ਤੇਜ਼ਾਬੀਪਨ ਜਾਂ ਖਾਰਾਪਨ ਪਤਾ ਕਰਨ ਲਈ ਵਰਤੀ ਜਾਂਦੀ ਹੈ। ਪੀ-ਐਚ ਸਕੇਲ ਸਾਡੇ ਲਈ ਲਾਭਦਾਇਕ ਹੈ ਅਤੇ ਇਸਦੀ ਪੀ-ਐਚ ਤੇਜ਼ਾਬ ਦੀ ਸੰਘਣਤਾ ਦੇ ਅਨੁਸਾਰ ਬਦਲਦੀ ਰਹਿੰਦੀ ਹੈ।

ਅਸਲ ਵਿਚ $pH=-\log[H+]$ ਇਸਦਾ ਮਤਲਬ ਹੈ ਕਿ ਪੀ-ਐਚ, ਐਚ ਆਇਨ ਦੀ ਸੰਘਣਤਾ ਤੇ ਨਿਰਭਰ ਕਰਦੀ ਹੈ ਅਤੇ ਇਸਦੀ ਇਕਾਈ ਮੋਲ ਪ੍ਰਤੀ ਲੀਟਰ ਹੈ। ਪਰ ਪੀ-ਐਚ ਦੀ ਕੀਮਤ ਦੀ ਕੋਈ ਇਕਾਈ ਨਹੀਂ ਹੁੰਦੀ।

ਜਿਹੜੇ ਘੋਲਾਂ ਦੀ ਪੀ-ਐਚ ਕੀਮਤ 7 ਤੋਂ ਘੱਟ ਹੁੰਦੀ ਹੈ ਉਹ ਤੇਜ਼ਾਬੀ ਹੁੰਦੇ ਹਨ ਅਤੇ ਜਿੰਨ੍ਹਾਂ ਦੀ ਕੀਮਤ 7 ਤੋਂ ਵੱਧ ਹੁੰਦੀ ਹੈ ਉਹ ਖਾਰ ਹੁੰਦੇ ਹਨ। ਸਿਰਫ ਉਦਾਸੀਨ ਦੀ ਕੀਮਤ 7 ਹੁੰਦੀ ਹੈ। ਕਿਸੇ ਘੋਲ ਦਾ ਤੇਜ਼ਾਬੀ ਗੁੱਣ ਉਸ ਘੋਲ ਦੇ ਵਿਚ ਐਚ ਆਇਨਾਂ ਦੇ ਛੱਡਣ ਕਰਕੇ ਹੁੰਦਾ ਹੈ ਅਤੇ ਖਾਰੀ ਗੁਣ ਉਸ ਘੋਲ ਵਿਚ OH- ਆਇਨ ਛੱਡਣ ਕਾਰਨ ਹੁੰਦਾ ਹੈ। ਅੱਡ-ਅੱਡ ਘੋਲਾਂ ਦੀ ਪੀ-ਐਚ ਕੀਮਤ ਅਲੱਗ-ਅਲੱਗ ਹੁੰਦੀ ਹੈ੬ ਪੇਟ 'ਚ ਪੈਦਾ ਹੋਏ ਤੇਜ਼ਾਬ ਦੀ ਪੀ-ਐਚ 1, ਮਨੱਖੀ ਚਮੜੀ ਦੀ 5.5, ਪੇਸ਼ਾਬ 6.0, ਖੂਨ 7.34-7.45, ਲੈਮਨ ਜੂਸ 2, ਸੰਤਰਾ ਜੂਸ 3, ਟਮਾਟਰ ਜੂਸ 4, ਕੌਫੀ 5, ਦੁੱਧ 6.2, 25 ਡਿਗਰੀ ਸੈਲਸੀਅਸ ਵਾਲਾ ਕਸ਼ੀਦਤ ਪਾਣੀ 7, ਸਮੁੰਦਰੀ ਪਾਣੀ 8, ਮਿੱਠਾ ਸੋਡਾ 9, ਮਿਲਕ ਆਫ ਮੈਗਨੀਸ਼ੀਆ 10, ਅਮੋਨੀਆ ਘੋਲ 11, ਸਾਬਣ ਘੋਲ 12 ਅਤੇ ਬਲੀਚ 13 ਹੁੰਦੀ ਹੈ। ਜਦੋਂ ਪੀ-ਐਚ ਪ੍ਰਯੋਗੀ ਢੰਗ ਨਾਲ ਕਰਨਾ ਹੋਵੇ ਤਾਂ ਸਭ ਤੋਂ ਪਹਿਲਾਂ ਪਰਖ ਨਲੀਆਂ ਤੇ ਹੋਰ ਕੱਚ ਦਾ ਸਮਾਨ ਕਸ਼ੀਦਤ ਪਾਣੀ ਨਾਲ ਸਾਫ ਕਰ ਲੈਣਾ ਚਾਹੀਦਾ ਹੈ ਅਤੇ ਸਾਰੇ ਘੋਲ ਤਾਜੇ ਤਿਆਰ ਕੀਤੇ ਹੋਣੇ ਚਾਹੀਦੇ ਹਨ।

ਪਹਿਲਾ ਤਰੀਕਾ :- ਜਿਸਦੀ ਘੋਲ ਦੀ ਪੀ-ਐਚ ਪਤਾ ਕਰਨੀ ਹੁੰਦੀ ਹੈ ਸਾਨੂੰ ਸਾਫ ਸੁਥਰੇ ਸੁੱਕੇ ਹੱਥਾਂ ਨਾਲ ਉਸ ਘੋਲ ਨੂੰ ਇਕ ਬੀਕਰ ਵਿਚ ਪਾ ਲਓ ਅਤੇ ਇਕ ਪੀ-ਐਚ ਪੇਪਰ ਲਓ ਅਤੇ ਉਸਨੂੰ ਬੀਕਰ ਵਿਚਲੇ ਘੋਲ ਵਿਚ ਤਕਰੀਬਨ 30 ਸੈਕਿੰਟ ਲਈ ਡਬੋ ਦਿਓ ਅਤੇ ਫਿਰ ਪੀ-ਐਚ ਪੇਪਰ ਨੂੰ ਬਾਹਰ ਕੱਢੋ ਅਤੇ ਨੋਟ ਕਰੋ ਕਿਹੜਾ ਰੰਗ ਬਣਦਾ ਹੈ। ਇਸਦਾ ਰੰਗ ਪੀ-ਐਚ ਸਕੇਲ ਨਾਲ ਮਿਲਾਓ ਅਤੇ ਸਕੇਲ ਦੇ ਜਿਹੜੇ ਰੰਗ ਨਾਲ ਰੰਗ ਮਿਲ ਜਾਵੇ ਉਸ ਰੰਗ 'ਤੇ ਲਿਖੀ ਕੀਮਤ ਉਸਦੀ ਪੀ-ਐਚ ਕੀਮਤ ਹੁੰਦੀ ਹੈ ਜਿਸ ਨਾਲ ਤੇਜ਼ਾਬ ਅਤੇ ਖਾਰ ਬਾਰੇ ਪਤਾ ਚੱਲ ਜਾਂਦਾ ਹੈ।

ਦੂਸਰਾ ਤਰੀਕਾ :- ਪੀ-ਐਚ ਪਤਾ ਕਰਨ ਲਈ ਯੂਨੀਵਰਸਲ ਇੰਡੀਕੇਟਰ ਦੀ ਬੋਤਲ ਦੀ ਲੋੜ ਪੈਂਦੀ ਹੈ ਜਿਸਤੇ ਇੱਕ ਰੰਗਦਾਰ ਸਕੇਲ ਹੁੰਦੀ ਹੈ। ਸਭ ਤੋਂ ਪਹਿਲਾਂ ਇਸ ਪ੍ਰਯੋਗ ਨੂੰ ਕਰਨ ਲਈ ਇੱਕ ਪਰਖਨਲੀ ਲਓ ਅਤੇ ਉਸ ਵਿਚ 10 ਮਿਲੀਲੀਟਰ ਘੋਲ ਪਾਓ ਅਤੇ ਸਟੈਂਡ 'ਤੇ ਰੱਖ ਦਿਓ ਅਤੇ ਇਸ ਪਰਖਨਲੀ ਵਿਚ 2-3 ਤੁਬਕੇ ਯੂਨੀਵਰਸਲ ਇੰਡੀਕੇਟਰ ਦੇ ਪਾਓ ਅਤੇ ਘੋਲ ਵਿਚ ਬਣਦਾ ਰੰਗ ਦੇਖੋ ਅਤੇ ਯੂਨੀਵਰਸਲ ਇੰਡੀਕੇਟਰ ਦੀ ਬੋਤਲ ਤੇ ਬਣੀ ਸਕੇਲ ਦੇ ਰੰਗਾਂ ਨਾਲ ਰੰਗ ਦਾ ਮਿਲਾਣ ਕਰੋ ਅਤੇ ਉਸ ਰੰਗ ਤੇ ਲਿਖੀ ਪੀ-ਐਚ ਕੀਮਤ ਨੂੰ ਨੋਟ ਕਰੋ। ਇਨ੍ਹਾਂ ਦੋਹੇ ਤਰੀਕਿਆਂ ਵਿਚੋਂ ਇੱਕ ਤਰੀਕਾ ਪੀ-ਐਚ ਪਤਾ ਕਰਨ ਲਈ ਅਪਣਾ ਸਕਦੇ ਹਾਂ।

ਚਲੋ ਇੱਕ ਬੁਝਾਰਤ ਬੁਝੋ ?

'ਭਾਨੇ' ਨੂੰ ਤੁਸੀਂ 'ਭਾਨਾ' ਕਹਿ ਲਵੋਂ
'ਭਾਨੇ' ਦੀ ਘਰਵਾਲੀ ਨੂੰ 'ਭਾਨੀ'।
'ਭਾਨੀ' ਦੀ ਭਾਬੀ 'ਪਿੰਕੀ'
'ਪਿੰਕੀ' ਦੀ ਕੁੜੀ 'ਨੂਰਾ'
'ਨੂਰਾ' ਦਾ ਦਾਦਾ 'ਲੱਛੂ'
'ਲੱਛੂ' ਦੀ ਘਰਵਾਲੀ 'ਗੇਜੋ'
'ਗੇਜੋ' ਦੀ ਕੁੜੀ 'ਕੁਲੂ'
'ਕੁਲੂ' ਭਾਨੇ ਦੀ ਕੀ ਲੱਗੀ ?



ਪਿਆਰੇ ਬੱਚਿਓ ! ... 1 ਤੋਂ 18 ਤੱਕ ਨੰਬਰ ਮਿਲਾਓ ਤੇ ਦੇਖੋ ਕੀ ਬਣਦਾ ਹੈ?

ਰਾਸਤਾ ਲੱਭੋ...?



ਪਿਆਰੇ ਬੱਚਿਓ! ਹੇਠਾ ਖੜ੍ਹੇ ਅੱਪੂ ਹਾਥੀ ਨੇ ਉਪਰ ਖੜ੍ਹੇ ਆਪਣੇ ਦੋਸਤ ਹਾਥੀ ਕੋਲ ਪਹੁੰਚਣਾ ਹੈ। ਕੀ ਤੁਸੀ ਉਸ ਨੂੰ ਰਾਸਤਾ ਦੱਸ ਸਕਦੇ ਹੋ?

ਪੁਸਤਕਾਂ ਦਾ ਸਾਡੇ ਜੀਵਨ ਵਿੱਚ ਮਹੱਤਵ ਅਤੇ ਸਥਾਨ

ਸਾਲ 2000 ਵਿੱਚ ਮੇਰੀ ਬਦਲੀ ਹਾਈ ਸਕੂਲ ਵਿੱਚ ਹੋ ਗਈ। ਮੈਂ ਡਿਊਟੀ 'ਤੇ ਹਾਜ਼ਰ ਹੋ ਗਿਆ। ਦੂਜੇ ਦਿਨ ਮੈਂ ਮੁੱਖ ਅਧਿਆਪਕ ਨੂੰ ਆਖਿਆ ਕਿ ਮੈਨੂੰ ਲਾਇਬਰੇਰੀ ਦਾ ਚਾਰਜ ਦੇ ਦਿਓ। ਮੁੱਖ ਅਧਿਆਪਕ ਨੇ ਅਲਮਾਰੀ ਵਿੱਚੋਂ ਸਟਾਕ ਰਜਿਸਟਰ ਤੇ ਚਾਬੀਆਂ ਮੈਨੂੰ ਫੜਾਈਆਂ ਤੇ ਆਖਿਆ, "ਗਿਆਨੀ ਜੀ ਐਹ ਲਓ ਰਜਿਸਟਰ ਤੇ ਚਾਬੀਆਂ। ਤਿੰਨ ਅਲਮਾਰੀਆਂ ਕਿਤਾਬਾਂ ਦੀਆਂ ਭਰੀਆਂ ਪਈਆਂ ਹਨ। ਤੁਸੀਂ ਘਬਰਾਓ ਨਾ ਪਿਛਲੇ ਪੰਜ ਸਾਲ ਤੋਂ ਕਿਸੇ ਨੇ ਕੋਈ ਅਲਮਾਰੀ ਨਹੀਂ ਖੋਲ੍ਹੀ ਕਿਤਾਬਾਂ ਸਾਰੀਆਂ ਪੂਰੀਆਂ ਹੋਣਗੀਆਂ। ਮੈਨੂੰ ਬੜੀ ਹੈਰਾਨੀ ਹੋਈ। ਇਹ ਕਿੰਦਾਂ ਦਾ ਸਕੂਲ ਹੈ ਜਿੱਥੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦਾ ਕੋਈ ਸ਼ੌਕ ਨਹੀਂ। ਮੈਂ ਜਾ ਕੇ ਤਿੰਨ ਅਲਮਾਰੀਆਂ ਦੇ ਜਿੰਦਰਿਆਂ ਵਿੱਚ ਚਾਬੀ ਘੁੰਮਾਈ, ਕੋਈ ਵੀ ਜਿੰਦਰਾ ਨਾ ਖੁੱਲ੍ਹਿਆ। ਮੁੱਖ ਅਧਿਆਪਕ ਤੋਂ ਪੁੱਛ ਕੇ ਮੈਂ ਤਿੰਨੇ ਜਿੰਦਰੇ ਤੋੜ ਦਿੱਤੇ। ਮਈ ਦਾ ਮਹੀਨਾ ਸੀ। ਮੈਂ ਕੁਝ ਵਿਦਿਆਰਥੀਆਂ ਨੂੰ ਆਖਿਆ ਕਿ ਸਾਰੀਆਂ ਕਿਤਾਬਾਂ ਗਰਾਊਂਡ ਵਿੱਚ ਖਿਲਾਰ ਦਿਓ। ਕਿਤਾਬਾਂ ਨੂੰ ਸਾਰਾ ਦਿਨ ਧੁੱਪ ਲੱਗਦੀ ਰਹੀ। ਆਖਰੀ ਪੀਰੀਅਡ ਕਿਤਾਬਾਂ ਅੰਦਰ ਰੱਖਵਾ ਲਈਆਂ। ਜੋ ਕਿਤਾਬਾਂ ਖਰਾਬ ਸਨ ਸਿਉਂਕ ਦੀਆਂ ਖਾਧੀਆਂ ਹੋਈਆਂ ਸਨ, ਉਨ੍ਹਾਂ ਨੂੰ ਸਾੜ ਦਿੱਤਾ। ਕੁਝ ਅਧਿਆਪਕਾਂ ਨੂੰ ਮੇਰਾ ਇਹ ਕੰਮ ਬੜਾ ਅਜੀਬ ਲੱਗਾ। ਸਾਰੀਆਂ ਕਿਤਾਬਾਂ ਉੱਤੇ ਮੈਂ ਸਲਿੱਪਾਂ ਲਗਾ ਦਿੱਤੀਆਂ ਤੇ ਆਪਣੇ ਹਿਸਾਬ ਨਾਲ ਅਲਮਾਰੀਆਂ ਵਿੱਚ ਟਿਕਾ ਦਿੱਤੀਆਂ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਆਖਿਆ, ਕਿ ਉਹ ਪੜ੍ਹਨ ਲਈ ਅੱਧੀ ਛੁੱਟੀ ਵੇਲੇ ਮੇਰੇ ਕੋਲੋਂ ਕਿਤਾਬਾਂ ਲੈ ਸਕਦੇ ਹਨ ਤੇ ਘਰ ਵੀ ਲਿਜਾ ਸਕਦੇ ਹਨ। ਹੌਲੀ-ਹੌਲੀ ਵਿਦਿਆਰਥੀ ਕਿਤਾਬਾਂ ਮੰਗਣ ਲੱਗ ਪਏ। ਹੁਣ ਅੱਧੀ ਛੁੱਟੀ ਵੇਲੇ ਕਾਫੀ ਵਿਦਿਆਰਥੀ ਕਿਤਾਬਾਂ ਲੈਣ ਆ ਜਾਂਦੇ। ਕੁਝ ਅਧਿਆਪਕਾਂ ਨੂੰ ਇਹ ਚੰਗਾ ਨਾ ਲੱਗਦਾ। ਆਖਰ ਇਕ ਦਿਨ ਮੁੱਖ ਅਧਿਆਪਕ ਬੋਲ ਹੀ ਪਏ, "ਗਿਆਨੀ ਜੀ! ਤੁਸੀਂ ਇਹ ਕੀ ਨਵਾਂ ਪੰਗਾ ਪਾ ਲਿਆ, ਅੱਧੀ ਛੁੱਟੀ ਵੀ ਨਿਆਣੇ ਖਰਾਬ ਕਰ ਦਿੰਦੇ ਨੇਂ" ਮੈਂ ਸਿਰਫ਼ ਹੱਸ ਕੇ ਗੱਲ ਟਾਲ ਦਿੱਤੀ। ਮੈਂ ਨੋਟ ਕੀਤਾ ਕਿ ਕਿਤਾਬਾਂ ਜ਼ਿਆਦਾ ਲੜਕੀਆਂ ਹੀ ਲੈਣ ਆਉਂਦੀਆਂ ਸਨ। ਹੁਣ ਸਾਡੀ ਸਵੇਰ ਦੀ ਸਭਾ ਕੁਝ ਦਿਲਚਸਪ ਹੋ ਗਈ ਸੀ। ਵਿਦਿਆਰਥੀ ਕਵਿਤਾਵਾਂ ਜਾਂ ਅੱਜ ਦਾ ਵਿਚਾਰ ਬੜੇ ਵਧੀਆ ਢੰਗ ਨਾਲ ਸੁਣਾਉਂਦੇ। ਇਹ ਸਾਰਾ ਕਿਤਾਬਾਂ ਦਾ ਅਸਰ ਸੀ। ਸਕੂਲ ਵਿਂਚ ਅਖ਼ਬਾਰਾਂ ਆਉਂਦੀਆਂ ਸਨ ਪਰ ਪੜ੍ਹਨ ਤੋਂ ਬਾਅਦ ਕੋਈ ਰੱਦੀ ਨਹੀਂ ਸੰਭਾਲਦਾ ਸੀ। ਹੌਲੀ-ਹੌਲੀ ਪੰਜ ਸਾਲ ਲੰਘ ਗਏ। ਮੈਂ ਮਹਿਸੂਸ ਕੀਤਾ ਵਿਦਿਆਰਥੀਆਂ ਵਿੱਚ ਕਾਫੀ ਬਦਲਾਅ ਆ ਗਿਆ ਸੀ। ਇੱਕ ਦਿਨ ਅੱਧੀ ਛੁੱਟੀ ਵੇਲੇ ਅਸੀਂ ਸਾਰੇ ਅਧਿਆਪਕ ਚਾਹ ਪੀ ਰਹੇ ਸੀ। ਇਕ ਸਰਦਾਰ ਜੀ ਆ ਗਏ। ਕੁਝ ਦੇਰ ਉਨ੍ਹਾਂ ਸਕੂਲ ਬਾਰੇ ਗੱਲਾਂ ਕੀਤੀਆਂ। ਫਿਰ ਉਨ੍ਹਾਂ ਜੇਬ ਵਿੱਚੋਂ ਕੁੱਝ ਰੁਪਏ ਕੱਢੇ, "ਮਾਸਟਰ ਜੀ! ਮੇਰੀ ਕੁੜੀ ਬਲਵਿੰਦਰ ਇੱਥੇ ਪੜ੍ਹਦੀ ਸੀ। ਹੁਣ ਉਸ ਦਾ ਵਿਆਹ ਹੋ ਗਿਆ, ਉਹ ਕੈਨੇਡਾ ਚਲੀ ਗਈ। ਆਹ ਦਸ ਹਜ਼ਾਰ ਰੁਪਿਆ ਉਸ ਨੇ ਭੇਜਿਆ ਤੇ ਆਖਿਆ ਗਿਆਨੀ ਜੀ ਨੂੰ ਕਹਿਣਾ ਕਿ ਲਾਇਬਰੇਰੀ ਵਿੱਚ ਨਵੀਆਂ ਕਿਤਾਬਾਂ ਲਿਆ ਕੇ ਰੱਖਣ। ਮੁੱਖ ਅਧਿਆਪਕ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਤੇ ਸਰਦਾਰ ਜੀ ਨੂੰ ਆਖਿਆ ਕਿ ਪੈਸੇ ਗਿਆਨੀ ਜੀ ਨੂੰ ਫੜਾ ਦਿਓ। ਦੂਜੇ ਦਿਨ ਮੈਂ ਆਪਣੇ ਇਕ ਹੋਰ ਅਧਿਆਪਕ ਸਾਥੀ ਨੂੰ ਨਾਲ ਲਿਆ ਤੇ ਚੰਡੀਗੜ੍ਹ ਕਿਤਾਬਾਂ ਖਰੀਦਣ ਪਹੁੰਚ ਗਏ। ਅਸੀਂ ਸਾਢੇ ਸੱਤ ਹਜ਼ਾਰ ਦੀਆਂ ਕਿਤਾਬਾਂ ਖਰੀਦੀਆਂ ਪਰ ਦੁੱਖ ਇਸ ਗੱਲ ਦਾ ਹੋਇਆ ਕਿ ਬੱਚਿਆਂ ਦੇ ਪੱਧਰ ਦੀਆਂ ਸਾਨੂੰ ਬੜੀਆਂ ਘੱਟ ਕਿਤਾਬਾਂ ਮਿਲੀਆਂ। ਵਾਪਸ ਆ ਕੇ ਅਸੀਂ ਢਾਈ ਹਜ਼ਾਰ ਦੀ ਇਕ ਨਵੀਂ ਅਲਮਾਰੀ ਖਰੀਦ ਲਈ। ਨਵੀਆਂ ਕਿਤਾਬਾਂ ਆਉਣ ਨਾਲ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਵੱਧ ਗਿਆ। ਸਾਡੇ ਵਿਦਿਆਰਥੀ ਭਾਸ਼ਣ ਮੁਕਾਬਲਿਆਂ ਵਿੱਚ ਜਾਣ ਲੱਗੇ ਅਤੇ ਇਨਾਮ ਵੀ ਜਿੱਤਣ ਲੱਗ ਪਏ।

ਹੁਣ ਸਾਰੇ ਅਧਿਆਪਕ ਵੀ ਖੁਸ਼ ਸਨ। ਕੁੱਝ ਅਧਿਆਪਕ ਮੇਰੇ ਕੋਲੋਂ ਕਿਤਾਬਾਂ ਮੰਗਣ ਲੱਗ ਪਏ। ਅਸੀਂ ਕੁਝ ਰਸਾਲੇ ਲਵਾ ਲਏ। ਸਕੂਲ ਵਿੱਚ ਤਿੰਨ ਅਖ਼ਬਾਰਾਂ ਆਉਣ ਲੱਗ ਪਈਆਂ। ਅਖ਼ਬਾਰਾਂ ਪੜ੍ਹਨ ਤੋਂ ਬਾਅਦ ਹੁਣ ਵਿਦਿਆਰਥੀ ਰੱਦੀ ਵੀ ਸੰਭਾਲ ਲੈਂਦੇ। ਸਾਡੀ ਰੱਦੀ ਸੈਂਕੜਿਆਂ ਵਿੱਚ ਵਿਕਣ ਲੱਗੀ। ਇਕ ਦਿਨ ਅਸੀਂ ਸਾਰੇ ਅਧਿਆਪਕ ਅੱਧੀ ਛੁੱਟੀ ਵੇਲੇ ਚਾਹ ਪੀ ਰਹੇ ਸੀ, ਕਮਰੇ ਦੇ ਬਾਹਰ ਖੜ੍ਹੇ ਕੁਝ ਵਿਦਿਆਰਥੀ ਘੁਸਰ-ਮੁਸਰ ਕਰ ਰਹੇ ਸਨ। "ਸਰ ਕਿਤਾਬਾਂ ਲੈਣੀਆਂ ਸੀ।" ਮੇਰੇ ਬੋਲਣ ਤੋਂ ਪਹਿਲਾਂ ਹੀ ਮੁੱਖ ਅਧਿਆਪਕ ਬੋਲ ਪਏ, "ਗਿਆਨੀ ਹੁਰਾਂ ਨੂੰ ਚਾਹ ਤਾਂ ਪੀ ਲੈਣ ਦਿਓ, ਹੁਣੇ ਦਿੰਦੇ ਨੇ।" ਫੇਰ ਉਹ ਕਹਿਣ ਲੱਗੇ, "ਗਿਆਨੀ ਜੀ! ਮੈਨੂੰ ਲੱਗਦੈ ਹੁਣ ਲਾਇਬਰੇਰੀ ਲਈ ਵੱਖਰਾ ਕਮਰਾ ਬਣਾਉਣਾ ਪਊ।" ਮੈਂ ਮੁਸਕਰਾ ਪਿਆ, "ਸਰ! ਦੇਖੀ ਜਾਓ। ਅਜੇ ਤਾਂ ਕਿਤਾਬਾਂ ਨੇ ਹੋਰ ਕਈ ਕਮਾਲ ਕਰਨੇ ਨੇ।"

-ਅਵਤਾਰ ਸਿੰਘ ਸੰਧੂ